# ਖਸਰਾ, ਕੰਨ-ਪੇੜੇ, ਰੁਬੈਲਾ (MMR) ਵੈਕਸੀਨ
## Measles, Mumps, Rubella (MMR) Vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਟੀਕੇ ਸਮੇਂ ਸਿਰ ਲਵਾਉ।**

ਸਾਰੇ ਟੀਕੇ ਸਮੇਂ ਸਿਰ ਲਵਾਉਣ ਨਾਲ ਤੁਹਾਡੇ ਬੱਚੇ ਦਾ ਉਮਰ ਭਰ ਲਈ ਕਈ ਬੀਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਇਮਿਊਨਾਇਜ਼ੇਸ਼ਨ ਨੇ ਪਿਛਲੇ 50 ਸਾਲਾਂ ਵਿਚ ਕੈਨੇਡਾ ਵਿਚ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

## MMR ਵੈਕਸੀਨ ਕੀ ਹੈ?

MMR ਵੈਕਸੀਨ ਖਸਰਾ, ਕੰਨ-ਪੇੜੇ ਅਤੇ ਰੁਬੈਲਾ ਤੋਂ ਬਚਾਅ ਕਰਦਾ ਹੈ। ਵੈਕਸੀਨ ਹੈਲਥ ਕੈਨੇਡਾ ਵੱਲੋਂ ਪ੍ਰਵਾਨਿਤ ਹੈ।

MMR ਵੈਕਸੀਨ ਤੁਹਾਡੇ ਬੱਚੇ ਦੀ ਬਾਕਾਇਦਾ ਇਮਿਊਨਾਇਜ਼ੇਸ਼ਨ ਦੇ ਇਕ ਹਿੱਸੇ ਵਜੋਂ ਮੁਫਤ ਮੁਹੱਈਆ ਕੀਤਾ ਜਾਂਦਾ ਹੈ। ਐਪੁਆਇੰਟਮੈਂਟ ਬਣਾਉਣ ਵਾਸਤੇ ਆਪਣੇ ਸਥਾਨਕ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਫੋਨ ਕਰੋ।

## MMR ਵੈਕਸੀਨ ਕਿਸ ਨੂੰ ਲੈਣਾ ਚਾਹੀਦਾ ਹੈ?

MMR ਵੈਕਸੀਨ ਬੱਚਿਆਂ ਨੂੰ ਦੋ ਖੁਰਾਕਾਂ ਜਾਂ ਟੀਕਿਆਂ ਦੀ ਲੜੀ ਵਜੋਂ ਦਿੱਤਾ ਜਾਂਦਾ ਹੈ। ਪਹਿਲੀ ਖੁਰਾਕ 12 ਮਹੀਨਿਆਂ ਦੀ ਉਮਰ ‘ਤੇ ਦਿੱਤੀ ਜਾਂਦੀ ਹੈ ਅਤੇ ਦੂਜੀ 18 ਮਹੀਨਿਆਂ ਦੀ ਉਮਰ ‘ਤੇ। ਇਹ ਵੈਕਸੀਨ ਬਚਪਨ ਦੀਆਂ ਹੋਰ ਇਮਿਊਨਾਇਜ਼ੇਸ਼ਨਾਂ ਦੇ ਨਾਲ ਉਸੇ ਸਮੇਂ ਹੀ ਦਿੱਤਾ ਜਾਂਦਾ ਹੈ।

| MMR ਵੈਕਸੀਨ | ਵੈਕਸੀਨ ਲੈਣ ਵੇਲੇ ਬੱਚੇ ਦੀ ਉਮਰ |
|---|---|
| ਪਹਿਲੀ ਖੁਰਾਕ | 12 ਮਹੀਨੇ |
| ਦੂਜੀ ਖੁਰਾਕ | 18 ਮਹੀਨੇ |

ਵੈਕਸੀਨ ਹੇਠ ਲਿਖੇ ਵਿਅਕਤੀਆਂ ਨੂੰ ਵੀ ਮੁਫਤ ਮੁਹੱਈਆ ਕੀਤਾ ਜਾਂਦਾ ਹੈ:

- ਬੱਚੇ-ਜੰਮਣ ਦੀ ਉਮਰ ਵਾਲੀਆਂ ਔਰਤਾਂ ਜਿਹੜੀਆਂ ਰੁਬੈਲਾ (ਜਰਮਨ ਮੀਜ਼ਲਜ਼) ਤੋਂ ਸੁਰੱਖਿਅਤ ਨਹੀਂ ਕੀਤੀਆਂ ਗਈਆਂ ਹੁੰਦੀਆਂ
- ਵਡੇਰੀ ਉਮਰ ਦੇ ਬੱਚੇ ਅਤੇ 1956 ਤੋਂ ਮਗਰੋਂ ਜਨਮੇ ਬਾਲਗ, ਜਿੰਨ੍ਹਾਂ ਦੀ ਇਮਿਊਨਾਇਜ਼ੇਸ਼ਨ ਨਹੀਂ ਹੋਈ।

ਲਈਆਂ ਗਈਆਂ ਸਾਰੀਆਂ ਇਮਿਊਨਾਇਜ਼ੇਸ਼ਨਾਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

## MMR ਵੈਕਸੀਨ ਦੇ ਫਾਇਦੇ

MMR ਵੈਕਸੀਨ ਤੁਹਾਡੇ ਬੱਚੇ ਦੇ ਖਸਰੇ, ਕੰਨ-ਪੇੜੇ ਅਤੇ ਰੁਬੈਲਾ ਬੀਮਾਰੀਆਂ ਤੋਂ ਬਚਾਅ ਦਾ ਸਭ ਤੋਂ ਉੱਤਮ ਤਰੀਕਾ ਹੈ ਜਿਹੜੀਆਂ ਗੰਭੀਰ ਹਨ ਅਤੇ ਕਦੀ ਕਦੀ ਜਾਨਲੇਵਾ ਬੀਮਾਰੀਆਂ ਵੀ ਹੋ ਸਕਦੀਆਂ ਹਨ।

ਜਦੋਂ ਤੁਸੀਂ ਆਪਣੇ ਬੱਚੇ ਨੂੰ ਵੈਕਸੀਨ ਲਵਾ ਲੈਂਦੇ ਹੋ ਤਾਂ ਤੁਸੀਂ ਨਾਲ ਹੀ ਦੂਜਿਆਂ ਦੇ ਬਚਾਅ ਵਿਚ ਵੀ ਮਦਦ ਕਰਦੇ ਹੋ।

## ਵੈਕਸੀਨ ਤੋਂ ਮਗਰੋਂ ਦੇ ਸੰਭਵ ਰੀਐਕਸ਼ਨ

ਵੈਕਸੀਨ ਬਹੁਤ ਸੁਰੱਖਿਅਤ ਹਨ। ਖਸਰਾ, ਕੰਨ-ਪੇੜੇ ਜਾਂ ਰੁਬੈਲਾ ਦੀ ਬੀਮਾਰੀਆਂ ਲਵਾਉਂਣ ਨਾਲੋਂ ਵੈਕਸੀਨ ਲੈਣਾ ਕਿਤੇ ਵਧੇਰੇ ਸੁਰੱਖਿਅਤ ਹੈ।

ਵੈਕਸੀਨ ਦੇ ਆਮ ਰੀਐਕਸ਼ਨਾਂ ’ਚ ਸ਼ਾਮਲ ਹੋ ਸਕਦਾ ਹੈ, ਜਿਸ ਥਾਂ ਲੇਦਾ ਲੱਗਿਆ ਹੋਵੇ ਉਥੋਂ ਦੁੱਖਣਾ, ਲਾਲ ਹੋਣਾ ਅਤੇ ਸੋਜ ਪੈਣਾ। ਵੈਕਸੀਨ ਲੈਣ ਤੋਂ 7 ਤੋਂ 12 ਦਿਨਾਂ ਮਗਰੋਂ ਮੱਧਮ ਜਿਹਾ ਬੁਖਾਰ, ਰੈਸ਼ (ਜਿਹੜੀ ਖਸਰੇ ਵਰਗੀ ਜਾਪਦੀ ਹੈ) ਅਤੇ ਗੱਲ੍ਹਾਂ ਤੇ ਗਰਦਨ ਦੀਆਂ ਮਾਸ ਗ੍ਰੰਥੀਆਂ ‘ਚ ਸੋਜ ਹੋ ਸਕਦੀ ਹੈ। ਕਿਸ਼ੋਰ ਉਮਰ ਅਤੇ ਬਾਲਗ ਉਮਰ ਦੀਆਂ ਔਰਤਾਂ ‘ਚ ਅਸਥਾਈ ਜਿਹੀ ਜੋੜਾਂ ਦੀ ਦਰਦ ਹੋ ਸਕਦੀ ਹੈ।

Acetaminophen ਜਾਂ Tylenol® ਬੁਖਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ Aspirin® ਰੇ ਸਿੰਡਰੋਮ ਦੇ ਖਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਵਧੇਰੇ ਗੰਭੀਰ ਰੀਐਕਸ਼ਨਾਂ ‘ਚ ਸ਼ਾਮਲ ਹੋ ਸਕਦਾ ਹੈ, ਬੁਖਾਰ ਕਾਰਨ ਪੈਦਾ ਹੁੰਦਾ ਮੂਰਛਾ ਰੋਗ (ਸੀਜ਼ਰਜ਼) (3,000 ‘ਚੋਂ ਤਕਰੀਬਨ 1 ਵਿਅਕਤੀ), ਉਹਨਾਂ ਖੂਨ ਸੈੱਲਾਂ ‘ਚ ਅਸਥਾਈ ਗਿਰਾਵਟ ਜਿਹੜੇ ਖੂਨ ਵਗਣ ਤੋਂ ਰੋਕਣ ‘ਚ ਮਦਦ ਕਰਦੇ ਹਨ (30,000 ‘ਚੋਂ 1 ਵਿਅਕਤੀ) ਅਤੇ ਦਿਮਾਗ ‘ਚ ਸਾੜ ਪੈਣਾ (ਐਂਸੈਫਾਲਾਇਟਿਸ-ਇਕ ਮਿਲੀਅਨ ਵਿਅਕਤੀਆਂ ‘ਚੋਂ ਤਕਰੀਬਨ 1 ਵਿਅਕਤੀ)। ਖਸਰੇ ਕਾਰਨ ਐਂਸੈਫਾਲਾਇਟਿਸ ਦੇ ਹੋਣ ਦੀ ਸੰਭਾਵਨਾ 1,000 ‘ਚੋਂ ਤਕਰੀਬਨ 1 ਹੈ, ਜਿਹੜੀ ਵੈਕਸੀਨ ਕਾਰਨ ਹੋਣ ਦੀ ਸੰਭਾਵਨਾ ਨਾਲੋਂ ਕਿਤੇ ਵਧੇਰੇ ਹੈ।

ਕੋਈ ਵੀ ਵੈਕਸੀਨ ਲੈਣ ਤੋਂ ਮਗਰੋਂ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ, ਇਕ ਜਾਨਲੇਵਾ ਐਲਰਜੀ ਰੀਐਕਸ਼ਨ ਦੀ ਸੰਭਾਵਨਾ ਹੁੰਦੀ ਹੈ, ਜਿਸਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਤੁਹਾਡੇ ਕਲੀਨਿਕ ਵਿਚੋਂ ਨਿਕਲ ਆਉਂਣ ਤੋਂ ਮਗਰੋਂ ਹੁੰਦਾ ਹੈ ਤਾਂ 911 ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਫੋਨ ਕਰੋ। ਇਸ ਰੀਐਕਸ਼ਨ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਵੈਕਸੀਨ ਲੈਣ ਵਾਲੇ ਇਕ ਮਿਲੀਅਨ ਲੋਕਾਂ ਵਿਚੋਂ ਇਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

**ਗੰਭੀਰ ਜਾਂ ਅਚਨਚੇਤ ਰੀਐਕਸ਼ਨਾਂ ਦੀ ਰਿਪੋਰਟ ਆਪਣੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਕਰੋ।**

## ਕਿਸ ਨੂੰ MMR ਵੈਕਸੀਨ ਨਹੀਂ ਲੈਣਾ ਚਾਹੀਦਾ?

ਕਿਸੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨਾਲ ਗੱਲ ਕਰੋ, ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ/ਦਾ:

- ਖਸਰੇ, ਕੰਨ-ਪੇੜੇ ਜਾਂ ਰੁਬੈਲਾ ਵੈਕਸੀਨ ਜਾਂ ਵੈਕਸੀਨ ਵਿਚਲੀ ਕਿਸੇ ਚੀਜ਼, ਸਮੇਤ ਗੇਲਾਟਿਨ ਜਾਂ ਨੀਓਮਾਈਸਿਨ ਦੀ ਕਿਸੇ ਪਹਿਲਾਂ ਦਿੱਤੀ ਖੁਰਾਕ ਨਾਲ ਜਾਂ ਕੱਚੀ ਰਬੜ ਨਾਲ ਕੋਈ ਜਾਨ ਦੇ ਖਤਰੇ ਵਾਲਾ ਰੀਐਕਸ਼ਨ ਹੋਇਆ ਹੋਵੇ
- ਕਿਸੇ ਬਿਮਾਰੀ ਜਾਂ ਡਾਕਟਰੀ ਇਲਾਜ ਨਾਲ ਇਮਿਊਨ ਸਿਸਟਮ ਕਮਜ਼ੋਰ ਹੋਇਆ ਹੋਵੇ
- MMR ਵੈਕਸੀਨ ਦੀ ਕਿਸੇ ਪਹਿਲਾਂ ਦਿੱਤੀ ਖੁਰਾਕ ਤੋਂ ਮਗਰੋਂ ਉਹਨਾਂ ਖੂਨ ਸੈੱਲਾਂ (ਪਲੇਟਲੈੱਟਸ) 'ਚ ਗਿਰਾਵਟ ਆਈ ਹੋਵੇ ਜਿਹੜੇ ਖੂਨ ਨੂੰ ਵਗਣ ਤੋਂ ਰੋਕਣ 'ਚ ਮਦਦ ਕਰਦੇ ਹਨ
  • ਪਿਛਲੇ 12 ਮਹੀਨਿਆਂ ਦੇ ਅੰਦਰ ਅੰਦਰ ਖੂਨ ਚੜ੍ਹਾਇਆ ਗਿਆ ਹੋਵੇ ਜਾਂ ਖੂਨ ਦੇ ਕੋਈ ਹੋਰ ਪ੍ਰਾਡਕਟ ਦਿੱਤੇ ਗਏ ਹੋਣ
  • ਜਾਂ ਜੇਕਰ ਤੁਸੀਂ ਗਰਭਵਤੀ ਹੋਵੋ।

## ਖਸਰਾ, ਕੰਨ-ਪੇੜੇ ਅਤੇ ਰੁਬੈਲਾ ਕੀ ਹਨ?

ਖਸਰਾ, ਕੰਨ-ਪੇੜੇ ਅਤੇ ਰੁਬੈਲਾ ਵਾਇਰਸ ਕਾਰਨ ਹੋਣ ਵਾਲੀਆਂ ਬੀਮਾਰੀਆਂ ਹਨ। ਵਾਇਰਸ ਛਿੱਕਣ ਅਤੇ ਖੰਘਣ ਦੁਆਰਾ ਹਵਾ ਰਾਹੀਂ ਬੜੇ ਸੌਖਿਆਂ ਫੈਲਦੇ ਹਨ।

**ਖਸਰਾ** (ਰੈੱਡ ਮੀਜ਼ਲਜ਼) ਬੁਖਾਰ, ਰੈਸ਼ ਅਤੇ ਜ਼ੁਕਾਮ ਵਰਗੇ ਲੱਛਣ ਪੈਦਾ ਕਰਦਾ ਹੈ ਅਤੇ ਇਹ ਕੰਨਾਂ ਦੀ ਇੰਨਫੈਕਸ਼ਨ ਜਾਂ ਨਮੂਨੀਏ ਤੱਕ ਪਹੁੰਚ ਸਕਦਾ ਹੈ। ਵਧੇਰੇ ਗੰਭੀਰ ਪੇਚੀਦਗੀਆਂ 'ਚ ਦਿਮਾਗ 'ਚ ਸਾੜ ਪੈਣਾ (ਐਂਸੈਫਾਲਾਇਟਿਸ) ਸ਼ਾਮਲ ਹੈ ਜੋ 1,000 ਬੱਚਿਆਂ 'ਚੋਂ 1 ਨੂੰ ਹੋ ਸਕਦਾ ਹੈ। ਇਸ ਨਾਲ ਝਟਕੇ, ਬੋਲਾਪਣ ਜਾਂ ਦਿਮਾਗ ਦਾ ਸਥਾਈ ਨੁਕਸਾਨ ਤੱਕ ਹੋ ਸਕਦਾ ਹੈ। ਖਸਰੇ ਵਾਲੇ 3,000 ਵਿਕਅਤੀਆਂ 'ਚੋਂ ਇਕ ਵਿਅਕਤੀ ਪੇਚੀਦਗੀਆਂ ਕਾਰਨ ਮਰ ਸਕਦਾ ਹੈ।

**ਕੰਨ-ਪੇੜਿਆਂ** ਨਾਲ ਬੁਖਾਰ, ਸਿਰ ਪੀੜ ਹੁੰਦੀ ਹੈ ਅਤੇ ਥੁੱਕ ਵਾਲੀਆਂ ਗ੍ਰੰਥੀਆਂ ਤੇ ਗੱਲ੍ਹਾਂ ਨੂੰ ਸੋਜ਼ ਪੈ ਜਾਂਦੀ ਹੈ। ਵਧੇਰੇ ਗੰਭੀਰ ਪੇਚੀਦਗੀਆਂ 'ਚ ਐਂਸੈਫਾਲਾਇਟਿਸ ਸ਼ਾਮਲ ਹੈ ਜਿਸ ਕਾਰਨ ਦਿਮਾਗ ਦਾ ਸਥਾਈ ਨੁਕਸਾਨ ਤੱਕ ਹੋ ਸਕਦਾ ਹੈ। ਕੰਨ-ਪੇੜਿਆਂ ਵਾਲੇ 20 ਲੋਕਾਂ 'ਚੋਂ ਤਕਰੀਬਨ 1 ਨੂੰ ਕੰਨ-ਪੇੜਿਆਂ ਦਾ ਮੈਨਿੰਜਾਈਟਿਸ ਹੋ ਜਾਂਦਾ ਹੈ। ਕੰਨ-ਪੇੜਿਆਂ ਨਾਲ ਅਸਥਾਈ ਬੋਲਾਪਣ ਵੀ ਹੋ ਸਕਦਾ ਹੈ। ਸਥਾਈ ਬੋਲਾਪਣ ਕੰਨ-ਪੇੜਿਆਂ ਵਾਲੇ 100,000 ਲੋਕਾਂ 'ਚ 5 ਨਾਲੋਂ ਵੀ ਘੱਟ ਨੂੰ ਹੁੰਦਾ ਹੈ। 4 ਬਾਲਗ ਪੁਰਸ਼ਾਂ ਅਤੇ ਜਣਨਯੋਗਤਾ ਵਾਲੇ ਮੁੰਡਿਆਂ 'ਚੋਂ 1 ਨੂੰ ਪਤਾਲੂਆਂ ਦੀ ਦੁਖਦਾਇਕ ਸੋਜ ਪੈ ਜਾਂਦੀ ਹੈ।

**ਰੁਬੈਲਾ** (ਜਰਮਨ ਮੀਜ਼ਲਜ਼) ਇਕ ਅਣ-ਜਨਮੇ ਬੱਚੇ 'ਚ ਗੰਭੀਰ ਪੇਚੀਦਗੀਆਂ ਅਤੇ ਜਮਾਂਦਰੂ ਨੁਕਸ ਪੈਦਾ ਕਰ ਸਕਦਾ ਹੈ ਜਿੰਨ੍ਹਾਂ 'ਚ ਸ਼ਾਮਲ ਹਨ ਬੋਲਾਪਣ, ਅੱਖਾਂ ਦੀਆਂ ਸਮੱਸਿਆਵਾਂ, ਦਿਲ ਦੇ ਨੁਕਸ, ਜਿਗਰ ਦਾ ਨੁਕਸਾਨ, ਅਤੇ ਦਿਮਾਗ ਦਾ ਨੁਕਸਾਨ। ਇਸ ਨੂੰ ਕੌਨਜੈਨੀਟਲ ਰੁਬੈਲਾ ਸਿੰਡਰੋਮ (ਸੀ ਆਰ ਐੱਸ) ਆਖਦੇ ਹਨ ਅਤੇ ਇਹ ਉਨ੍ਹਾਂ ਔਰਤਾਂ ਨੂੰ ਜਨਮੇ 4 ਬੱਚਿਆਂ 'ਚੋਂ 1 ਨੂੰ ਹੋ ਸਕਦਾ ਹੈ ਜਿੰਨ੍ਹਾਂ ਨੂੰ ਆਪਣੇ ਗਰਭ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਵਾਇਰਸ ਦੀ ਇੰਨਫੈਕਸ਼ਨ ਹੋ ਜਾਂਦੀ ਹੈ। ਰੁਬੈਲਾ ਕਾਰਨ ਗਰਭ ਡਿੱਗ ਸਕਦਾ ਹੈ ਜਾਂ ਮਰਿਆ ਭਰੂਣ ਪੈਦਾ ਹੋ ਸਕਦਾ ਹੈ।

ਬਚਪਨ ਦੇ ਬਾਕਾਇਦਾ ਵੈਕਸੀਨ ਪ੍ਰੋਗਰਾਮਾਂ ਕਾਰਨ ਇਹ ਬਿਮਾਰੀਆਂ ਬੀ. ਸੀ. 'ਚ ਹੁਣ ਦੁਰਲੱਭ ਹਨ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਇਮਿਊਨਾਈਜ਼ੇਸ਼ਨ ਤੋਂ ਪਹਿਲਾਂ ਮਾਪਿਆਂ ਜਾਂ ਸਰਪ੍ਰਸਤਾਂ ਦੀ ਸਹਿਮਤੀ ਲੈਣ ਲਈ ਯਤਨ ਕੀਤਾ ਜਾਂਦਾ ਹੈ। 19 ਸਾਲ ਤੋਂ ਘੱਟ ਉਮਰ ਦੇ ਬੱਚੇ ਜਿਹੜੇ ਖਤਰਿਆਂ ਅਤੇ ਫਾਇਦਿਆਂ ਨੂੰ ਸਮਝਣ ਦੇ ਯੋਗ ਹੋਣ, ਇਮਿਊਨਾਇਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ, ਭਾਵੇਂ ਉਨ੍ਹਾਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਦੀਆਂ ਇੱਛਾਵਾਂ ਕੁਝ ਵੀ ਹੋਣ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਮਾਪੇ/ਸਰਪ੍ਰਸਤ ਅਤੇ ਉਨ੍ਹਾਂ ਦੇ ਨਾਬਾਲਗ ਬੱਚੇ ਇਮਿਊਨਾਇਜ਼ੇਸ਼ਨ ਬਾਰੇ ਪਹਿਲਾਂ ਗੱਲਬਾਤ ਕਰ ਲੈਣ ਅਤੇ ਕੋਈ ਵੀ ਸਵਾਲ ਹੋਵੇ ਤਾਂ ਨਰਸ ਜਾਂ ਡਾਕਟਰ ਨੂੰ ਪੁੱਛ ਲੈਣ।

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਲਈ ਵੇਖੋ **www.bchealthguide.org/healthfiles/index.stm**, ਜਾਂ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਜਾਓ।

ਕਿਸੇ ਰਜਿਸਟਰਡ ਨਰਸ ਨਾਲ ਗੱਲ ਕਰਨ ਲਈ, ਹਰ ਰੋਜ਼ **24**-ਘੰਟੇ ਖੁੱਲੀ ਬੀ.ਸੀ. ਨਰਸਲਾਈਨ ਨੂੰ ਹੇਠ ਲਿਖੇ ਨੰਬਰਾਂ ਤੇ ਫੋਨ ਕਰੋ:

- ਗ੍ਰੇਟਰ ਵੈਨਕੂਵਰ ਵਿਚ, 604-215-4700 'ਤੇ ਫੋਨ ਕਰੋ
- ਬੀ.ਸੀ. ਵਿਚ ਟੋਲ-ਫਰੀ ਨੰਬਰ 1-866-215-4700 'ਤੇ ਫੋਨ ਕਰੋ
- ਬੋਲ਼ੇ ਅਤੇ ਘੱਟ ਸੁਣਨ ਵਾਲੇ ਵਿਅਕਤੀ, 1-866-889-4700 'ਤੇ ਫੋਨ ਕਰਨ
- ਫਾਰਮਾਸਿਸਟ ਹਰ ਰੋਜ਼ ਸ਼ਾਮ ਦੇ 5 ਵਜੇ ਤੋਂ ਸਵੇਰ ਦੇ 9 ਵਜੇ ਤੱਕ ਉਪਲਬਧ
- ਬੇਨਤੀ ਕਰਨ 'ਤੇ ਤਰਜਮੇ ਦੀਆਂ ਸੇਵਾਵਾਂ 130 ਤੋਂ ਵੱਧ ਜ਼ੁਬਾਨਾਂ ਵਿਚ ਉਪਲਬਧ ਹਨ।

**www.bchealthguide.org**'ਤੇ ਬੀ.ਸੀ. ਹੈਲਥ ਗਾਈਡ ਆਨਲਾਈਨ ਵੇਖੋ – ਦੁਨੀਆ ਭਰ ਦੀ ਸਿਹਤ ਸਬੰਧੀ ਜਾਣਕਾਰੀ ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ।